## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ:), ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮਹਾਲੀ

ਵੱਲ,

ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ (ਐ:ਸਿ:),
ਪੰਜਾਬ ਰਾਜ।

ਮੀਮੋ ਨੰ: 2/30-18 ਟਰਾਂਸਫਰ ਸੈਲ
ਮਿਤੀ :- 07-09-2018

ਵਿਸ਼ਾ:- ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਅਤੇ ਪੰਚਾਇਤਾਂ ਚੋਣਾ-2018 ਲਈ ਚੋਣ ਜਾਬਤਾ ਲਾਗੂ ਹੋਣ ਤੋ ਪਹਿਲਾ ਕੀਤੀਆਂ ਗਈਆ ਬਦਲੀਆਂ ਲਾਗੂ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਪੰਜਾਬ ਰਾਜ ਵਿਚ ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਅਤੇ ਪੰਚਾਇਤ ਚੋਣਾ ਕਰਵਾਉਣ ਲਈ, ਮਾਨਯੋਗ ਰਾਜ ਚੋਣ ਕਮਿਸ਼ਨ ਵਲੋ, ਮਿਤੀ 29-08-2018 ਨੂੰ ਘੋਸ਼ਣਾ ਕੀਤੀ ਗਈ ਹੈ, ਜਿਸ ਕਾਰਨ ਰਾਜ ਵਿਚ ਚੋਣ ਜਾਬਤਾ ਲਾਗੂ ਹੋ ਗਿਆ ਹੈ। ਸਿੱਖਿਆ ਵਿਭਾਗ ਪੰਜਾਬ ਵਲੋ ਚੋਣ ਜਾਬਤਾ ਲੱਗਣ ਤੋ ਪਹਿਲਾਂ ਮਿਤੀ 29-08 2018 ਨੂੰ ਅਤੇ ਇਸ ਤੋ ਪਹਿਲਾ ਲੋਕ ਹਿਤ, ਪ੍ਰਬੰਧਕੀ ਹਿਤ ਅਤੇ ਸਕੂਲਾਂ ਵਿਚ ਬਚਿਆ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਵਿਭਾਗ ਦੇ ਟੀਚਿੰਗ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਬਦਲੀਆਂ ਦੇ ਹੁਕਮ ਜਾਰੀ ਕੀਤੇ ਗਏ ਸੀ। ਇਸ ਸੰਦਰਭ ਵਿਚ ਮਿਤੀ 29-08-2018 ਨੂੰ ਚੋਣ ਜਾਬਤਾ ਲਗੱਣ ਕਾਰਨ ਮਿਤੀ 29-08-2018 ਅਤੇ ਇਸ ਤੋ ਪਹਿਲਾਂ ਜਾਰੀ ਕੀਤੀਆਂ ਗਈਆਂ ਕੁਝ ਬਦਲੀਆਂ ਲਾਗੂ ਨਹੀ ਕੀਤੀਆਂ ਜਾ ਸਕੀਆਂ।

ਇਹ ਬਦਲੀਆ ਲਾਗੂ ਕਰਨ ਲਈ ਮਾਨਯੋਗ ਰਾਜ ਚੋਣ ਕਮਿਸਨ ਤੋ ਇਸ ਦਫਤਰ ਦੇ ਪੱਤਰ ਨੰ: 2/30-18 ਟਰਾਂਸਫਰ ਸੈਲ, ਮਿਤੀ 01-09-2018 ਰਾਹੀ ਅਗਵਾਈ ਮੰਗੀ ਗਈ ਸੀ। ਮਾਨਯੋਗ ਰਾਜ ਚੋਣ ਕਮਿਸਨ ਵਲੋ ਆਪਣੇ ਪੱਤਰ ਨੰ; ਰਚਕ/ਐਸਏ/2018/6471, ਮਿਤੀ 05-09-2018 ਰਾਹੀ ਇਹ ਬਦਲੀਆ ਲਾਗੂ ਕਰਨ ਲਈ ਪ੍ਵਾਨਗੀ ਦੇ ਦਿੱਤੀ ਗਈ ਹੈ।

ਉਪਰੋਕਤ ਪ੍ਵਾਨਗੀ ਦੇ ਮੱਦੇਨਜਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 29-08 2018 ਨੂੰ ਅਤੇ ਇਸ ਤੋ ਪਹਿਲਾ ਵਿਭਾਗ ਵਲੋ ਜਾਰੀ ਟੀਚਿੰਗ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਬਦਲੀਆਂ ਤੁਰੰਤ ਲਾਗੂ ਕੀਤੀਆ ਜਾਣ। ਬਦਲੀਆ ਲਾਗੂ ਕਰਨ ਸਮੇ ਇਹ ਯਕੀਨੀ ਬਣਾਇਆ ਜਾਵੇ ਕਿ ਕਰਮਚਾਰੀ ਬਦਲੀਆ ਦੀਆ ਸ਼ਰਤਾ ਪੂਰੀਆ ਕਰਦੇ ਹੋਣ।

ਸਹਾਇਕ ਡਾਇਰੈਕਟਰ (ਸ:ਪ੍-2)